ਸਿੱਖਿਆ ਅਤੇ ਸਮੁਦਾਇ ਸੇਵਾ ਵਿਭਾਗ

ਪੰਜਾਬੀ ਯੂਨੀਵਰਸਿਟੀ ਪਟਿਆਲਾ

(1961 ਦੇ ਪੰਜਾਬ ਐਕਟ ਨੰ: 35 ਤਹਿਤ)

ਨੰਬਰ: 1711/ਸਿੱਖਿਆ

ਮਿਤੀ 24.07.2024

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਿੱਖਿਆ ਅਤੇ ਸਮੁਦਾਇ ਸੇਵਾ ਵਿਭਾਗ ਵਿਖੇ ਅਕਾਦਮਿਕ ਸੈਸ਼ਨ 2024-25 ਦੌਰਾਨ ਵਿਭਾਗ ਵਿਖੇ ਚੱਲ ਰਹੇ ਵੱਖ-ਵੱਖ ਕੋਰਸਾਂ-ਇੰਟੀਗ੍ਰੇਟਡ ਟੀਚਰ ਐਜੂਕੇਸ਼ਨ ਪ੍ਰੋਗਰਾਮ ਬੀ.ਏ-ਬੀ.ਐਡ. (ਸੈਕੰਡਰੀ ਸਟੇਜ), ਐਮ.ਏ.(ਆਨਰਜ਼) ਐਜੂਕੇਸ਼ਨ ਅਤੇ ਐਮ.ਐਡ. ਲਈ Education ਦੇ ਵਿਸ਼ਿਆਂ ਨੂੰ ਪੜ੍ਹਾਉਣ ਲਈ 02 ਗੈਸਟ ਫੈਕਲਟੀ ਅਧਿਆਪਕਾਂ ਦੀ ਲੈਕਚਰ ਬੇਸਿਸ ਤੇ ਜ਼ਰੂਰਤ ਹੈ। ਇਨ੍ਹਾਂ ਗੈਸਟ ਫੈਕਲਟੀ ਅਧਿਆਪਕਾਂ ਦੀ ਚੋਣ ਨਿਮਨਲਿਖਤ ਸ਼ਰਤਾਂ ਅਨੁਸਾਰ ਕੀਤੀ ਜਾਣੀ ਹੈ:-

- ਉਮੀਦਵਾਰ UGC-2018 ਅਤੇ ਨੈਸ਼ਨਲ ਕੌਂਸਲ ਫਾਰ ਟੀਚਰ ਐਜੂਕੇਸ਼ਨ (NCTE), ਨਵੀਂ ਦਿੱਲੀ ਦੀਆਂ ਗਾਇਡਲਾਈਨਜ਼ ਅਨੁਸਾਰ ਅਸਿਸਟੈਂਟ ਪ੍ਰੋਫੈਸਰ ਦੀਆਂ ਯੋਗਤਾਵਾਂ ਪੂਰੀਆਂ ਕਰਦਾ ਹੋਵੇ।
- ਗੈਸਟ ਫੈਕਲਟੀ ਅਧਿਅਪਕਾਂ ਦੇ ਕਾਰਜ ਦੀ ਅਵਧੀ ਆਰਜੀ ਤੌਰ ਤੇ ਅਕਾਦਮਿਕ ਸੈਸ਼ਨ 2024-25 ਤੋਂ ਲਈ ਹੋਵੇਗੀ।
- ਗੈਸਟ ਫੈਕਲਟੀ ਅਧਿਆਪਕਾਂ ਨੂੰ ਕਾਰਜ ਦੇ ਮਿਹਨਤਾਨੇ ਵੱਜੋ ਅਦਾਇਗੀ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਨਿਯਮਾਂ ਅਨੁਸਾਰ ਕੀਤੀ ਜਾਵੇਗੀ।
- ਗੈਸਟ ਫੈਕਲਟੀ ਅਧਿਆਪਕਾਂ ਨੂੰ ਲੈਕਚਰ ਲਗਾਉਣ ਤੋਂ ਇਲਾਵਾ ਵਿਭਾਗ ਦੇ ਹੋਰ ਅਕਾਦਮਿਕ ਕੰਮ ਵੀ ਸੌਂਪੇ ਜਾ ਸਕਦੇ ਹਨ।
- ਸੋਸ਼ਲ ਸਾਇੰਸਜ਼ ਦੀ ਬੈਕ ਗਰਾਊਂਡ ਵਾਲੇ ਉਮੀਦਵਾਰਾਂ ਨੂੰ ਤਰਜੀਹ ਦਿੱਤੀ ਜਾਵੇਗੀ।

ਲੈਕਚਰ ਬੇਸਡ ਗੈਸਟ ਫੈਕਲਟੀ ਅਧਿਆਪਕ ਦੀ ਚੋਣ ਲਈ ਜਿਹੜੇ ਉਮੀਦਵਾਰ ਅਪਲਾਈ ਕਰਨਾ ਚਾਹੁੰਦੇ ਹਨ, ਉਹ ਆਪਣਾ ਬਿਨੈ-ਪੱਤਰ (ਸੈਲਫ-ਅਟੈਸਟੱਡ ਦਸਤਾਵੇਜ਼ਾਂ ਸਮੇਤ) ਮੁਖੀ, ਸਿੱਖਿਆ ਅਤੇ ਸਮੁਦਾਇ ਸੇਵਾ ਵਿਭਾਗ ਦੇ ਦਫ਼ਤਰ ਵਿਖੇ ਦਸਤੀ ਜਾਂ ਈਮੇਲ education@pbi.ac.in ਤੇ ਇਕੋ PDF ਫਾਈਲ ਵਿਚ ਤਿਆਰ ਕਰਕੇ ਮਿਤੀ 31.07.2024 ਤੱਕ ਭੇਜਿਆ ਜਾਵੇ। ਇੰਟਰਵਿਊ ਵਿਚ ਹਾਜ਼ਰ ਹੋਣ ਵਾਲੇ ਉਮੀਦਵਾਰਾਂ ਨੂੰ ਕੋਈ ਵੀ TA/DA ਆਦਿ ਨਹੀਂ ਦਿੱਤਾ ਜਾਵੇਗਾ। ਲੇਟ ਪ੍ਰਾਪਤ ਹੋਣ ਵਾਲੇ ਬਿਨੈ-ਪੱਤਰਾਂ ਤੇ ਕੋਈ ਕਾਰਵਾਈ ਨਹੀਂ ਕੀਤੀ ਜਾਵੇਗੀ।

ਜਗਦੀਸ਼ ਕੌਰ

ਮੁਖੀ

ਸਿੱਖਿਆ ਅਤੇ ਸਮੁਦਾਇ ਸੇਵਾ ਵਿਭਾਗ

ਪੰਜਾਬੀ ਯੂਨੀਵਰਸਿਟੀ, ਪਟਿਆਲਾ

ਮੁਖੀ, ਸਿੱਖਿਆ ਅਤੇ ਸਮੁਦਾਇ ਸੇਵਾ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ